ਦਫਤਰ ਜਿਲਾ ਮੈਜਿਸਟਰੇਟ, ਜਲੰਧਰ
Office of the District Magistrate
Jalandhar (Punjab)

No. ..........................
Date ........................

Phone :0181-2224783(O)
:0181-2459664(R)
Fax: :0181-2224727
Email: dc.jal@punjabmail.gov.in

**ਹੁਕਮ**

ਜਦੋਂ ਕਿ ਵਿਸ਼ਵ ਭਰ ਵਿੱਚ ਕੋਵਿਡ-19 ਮਹਾਂਮਾਰੀ ਦੇ ਵੱਧਦੇ ਹੋਏ ਖੱਤਰੇ ਨੂੰ ਦੇਖਦੇ ਹੋਏ ਭਾਰਤ ਸਰਕਾਰ ਵਲੋਂ ਪੂਰੇ ਦੇਸ਼ ਵਿੱਚ ਤਾਲਾਬੰਦੀ (ਲਾਕਡਾਉਨ) ਦਾ ਐਲਾਨ ਕੀਤਾ ਜਾ ਚੁੱਕਾ ਹੈ। ਕੋਵਿਡ-19 ਮਹਾਮਾਰੀ ਦੀ ਗੰਭੀਰਤਾ ਨੂੰ ਧਿਆਨ ਵਿੱਚ ਰਖਦੇ ਹੋਏ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵਲੋਂ National Disaster Management Act, 2005, ਅਤੇ Epidemic Diseases Act, 1897 ਪਹਿਲਾਂ ਹੀ ਇਨਵੋਕ ਕੀਤਾ ਜਾ ਚੁੱਕਾ ਹੈ। ਇਸ ਸਬੰਧੀ ਇਸ ਦਫਤਰ ਦੇ ਪੱਤਰ ਨੰ 3062-85/ਐਮ.ਸੀ-4/ਐਮ.ਏ ਮਿਤੀ 23-03-2020 ਰਾਂਹੀ ਜਿਲ੍ਹਾ ਜਲੰਧਰ ਵਿੱਚ ਕਰਫਿਊ ਲਾਗੂ ਕਰਨ ਸਬੰਧੀ ਹੁਕਮ ਜਾਰੀ ਕੀਤੇ ਗਏ ਸਨ।

ਇਸ ਕਰਫਿਊ ਦੇ ਸਮੇਂ ਦੌਰਾਨ ਜਿਵੇਂ ਕਿ ਬੱਚੇ ਆਨਲਾਈਨ ਸਿਸਟਮ ਰਾਹੀਂ ਪੜ੍ਹਾਈ ਕਰ ਰਹੇ ਹਨ। ਪਰ ਲੋਕਾਂ ਵਲੋਂ ਇਹ ਵੀ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਕਰਫਿਊ ਦੇ ਸਮੇਂ ਵਿੱਚ ਕਿਤਾਬਾਂ ਅਤੇ ਸਟੇਸ਼ਨਰੀ ਤੋਂ ਬਗੈਰ ਬੱਚਿਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋ ਰਿਹਾ ਹੈ ਇਸ ਕਰਕੇ ਬੱਚਿਆਂ ਨੂੰ ਕਿਤਾਬਾਂ ਅਤੇ ਸਟੇਸ਼ਨਰੀ ਦੀ ਬਹੁਤ ਲੋੜ ਹੈ ਤਾਂ ਜੋ ਸਕੂਲ ਖੁਲ੍ਹਣ ਤੋਂ ਬਾਅਦ ਬੱਚੇ ਆਪਣੀ ਪੜ੍ਹਾਈ ਨੂੰ ਜਾਰੀ ਰੱਖ ਸਕਣ।

ਇਸ ਲਈ ਲੋਕ ਹਿੱਤ ਨੂੰ ਮੁੱਖ ਰਖਦੇ ਹੋਏ ਕਿਤਾਬਾਂ ਅਤੇ ਸਟੇਸ਼ਨਰੀ ਦੀ ਆਨਲਾਈਨ ਡਲੀਵਰੀ ਕਰਨ ਦੀ ਆਗਿਆ ਦਿੱਤੀ ਜਾਂਦੀ ਹੈ। ਦੁਕਾਨਦਾਰਾਂ ਵਲੋਂ ਕਿਤਾਬਾਂ ਅਤੇ ਸਟੇਸ਼ਨਰੀ ਦਾ ਆਰਡਰ ਆਨਲਾਈਨ ਜਾਂ ਫੋਨ ਰਾਹੀਂ ਲਿਆ ਜਾਵੇਗਾ ਅਤੇ ਕਿਤਾਬਾਂ ਅਤੇ ਸਟੇਸ਼ਨਰੀ ਦੀ ਹੋਮ ਡਲੀਵਰੀ ਕੀਤੀ ਜਾਵੇਗੀ। ਕਿਤਾਬਾਂ ਅਤੇ ਸਟੇਸ਼ਨਰੀ ਡਲੀਵਰ ਕਰਨ ਵਾਲੇ ਵਿਅਕਤੀ ਵਲੋਂ ਹੋਮ ਡਲੀਵਰੀ ਕਰਨ ਵੇਲੇ ਸੈਨੇਟਾਈਜ਼ਰ, ਮਾਸਕ ਅਤੇ ਗਲਵਜ਼ ਦੀ ਵਰਤੋਂ ਯਕੀਨੀ ਬਣਾਈ ਜਾਵੇ। ਦੁਕਾਨਦਾਰ ਕਿਤਾਬਾਂ ਅਤੇ ਸਟੇਸ਼ਨਰੀ ਨੂੰ ਸੈਨੇਟਾਈਜ ਕਰਕੇ ਹੀ ਹੋਮ ਡਲੀਵਰੀ ਦੇਣਗੇ ਅਤੇ ਸਮੇਂ ਸਮੇਂ ਤੇ ਕੋਵਿਡ-19 ਤੋਂ ਬਚਾਅ ਲਈ ਸਰਕਾਰ ਵਲੋਂ ਜਾਰੀ ਹਦਾਇਤਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਗੇ। ਬੱਚਿਆਂ ਦੇ ਮਾਤਾ-ਪਿਤਾ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਜਦੋਂ ਇਹ ਕਿਤਾਬਾਂ ਅਤੇ ਸਟੇਸ਼ਨਰੀ ਘਰ ਵਿੱਚ ਡਲੀਵਰ ਹੋ ਜਾਣ ਤਾਂ ਉਹ ਇਨ੍ਹਾਂ ਕਿਤਾਬਾਂ ਅਤੇ ਸਟੇਸ਼ਨਰੀ ਨੂੰ ਸੈਨੇਟਾਇਜ ਕਰਕੇ 24 ਘੰਟਿਆਂ ਬਾਅਦ ਹੀ ਬੱਚਿਆਂ ਨੂੰ ਦੇਣ। ਇਸ ਤੋਂ ਇਲਾਵਾ ਜਿਹੜੇ ਕੋਚਿੰਗ ਇੰਸਟੀਟਿਊਟ, ਟ੍ਰੇਨਿੰਗ ਸੈਂਟਰ ਜਾਂ ਟਿਊਸ਼ਨ ਸੈਂਟਰ ਆਨਲਾਈਨ ਕੋਚਿੰਗ ਦੇ ਰਹੇ ਹਨ ਉਹ ਵੀ ਘਰ-ਘਰ ਜਾ ਕੇ ਕਿਤਾਬਾਂ, ਸਟਡੀ ਮਟੀਰੀਅਲ ਅਤੇ ਸਟੇਸ਼ਨਰੀ ਦੀ ਹੋਮ ਡਲੀਵਰੀ ਕਰ ਸਕਣਗੇ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਸ ਦਫਤਰ ਵਲੋਂ ਸਮੇਂ ਸਮੇਂ ਤੇ ਘੋਸ਼ਿਤ ਕੀਤੇ ਗਏ Containment Zones ਵਿੱਚ ਸੱਥਿਤ ਕਿਤਾਬਾਂ ਅਤੇ ਸਟੇਸ਼ਨਰੀ ਦੀਆਂ ਦੁਕਾਨਾਂ ਦੇ ਦੁਕਾਨਦਾਰ ਕਿਤਾਬਾਂ ਦੀ ਹੋਮ ਡਲੀਵਰੀ ਨਹੀਂ ਕਰ ਸਕਣਗੇ ਅਤੇ ਇਸ ਤੋਂ ਇਲਾਵਾ ਜਿਹੜੇ ਘਰ Containment Zones ਵਿੱਚ ਹਨ ਉੱਥੇ ਬਾਹਰੋਂ ਵੀ ਕਿਤਾਬਾਂ ਅਤੇ ਸਟੇਸ਼ਨਰੀ ਦੀ ਹੋਮ ਡਲੀਵਰੀ ਨਹੀਂ ਹੋਵੇਗੀ। ਹਰ ਇੱਕ ਦੁਕਾਨਦਾਰ ਕਿਤਾਬਾਂ ਅਤੇ ਸਟੇਸ਼ਨਰੀ ਦੀ ਹੋਮ ਡਲੀਵਰੀ ਕਰਵਾਉਣ ਲਈ 02 ਕਰਫਿਊ ਪਾਸ ਜਾਰੀ ਕਰਵਾ ਸਕੇਗਾ। ਇਹ ਕਰਫਿਊ ਪਾਸ ਜਾਰੀ ਕਰਵਾਉਣ ਲਈ https://epasscovid19.pais.net.in/ ਤੇ ਅਪਲਾਈ ਕਰਨਾ ਹੋਵੇਗਾ ਅਤੇ ਇਹ ਪਾਸ ਸਬੰਧਤ ਐਸ.ਡੀ.ਐਮ ਵਲੋਂ ਮੰਜੂਰ ਕੀਤੇ ਜਾਣਗੇ।

ਜਿਲ੍ਹਾ ਮੈਜਿਸਟਰੇਟ,
ਜਲੰਧਰ।

ਪਿੱਠ ਅੰਕਣ ਨੰ. 8042-8055 /ਐਮ.ਸੀ.4/ਐਮ.ਏ ਮਿਤੀ- 09.05.2020

ਇਸ ਦਾ ਇਕ ਉਤਾਰਾ ਹੇਠ ਦਰਜ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ
2. ਕਮਿਸ਼ਨਰ, ਜਲੰਧਰ ਮੰਡਲ, ਜਲੰਧਰ
3. ਕਮਿਸ਼ਨਰ ਆਫ ਪੁਲਿਸ ਜਲੰਧਰ
4. ਸੀਨੀਅਰ ਪੁਲਿਸ ਕਪਤਾਨ (ਦਿਹਾਤੀ) ਜਲੰਧਰ
5. ਸਮੂਹ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਜਲੰਧਰ
6. ਜਿਲ੍ਹਾ ਲੋਕ ਸਪੰਰਕ ਅਫਸਰ, ਜਲੰਧਰ
7. ਪੀ.ਏ. ਟੂ ਡੀ.ਐਮ., ਸਟੈਨੋ ਟੂ ਏ.ਡੀ.ਐਮ, ਸਟੈਨੋ ਟੂ ਏ.ਸੀ(ਜ), ਸਟੈਨੋ ਟੂ ਏ.ਸੀ(ਸ਼)

ਵਾਂ. ਜਿਲ੍ਹਾ ਮੈਜਿਸਟਰੇਟ,
ਜਲੰਧਰ।